

# जी.एन.डी.यू. और सैंटर आफ साइंस एंड एनवायरमेंट नई दिल्ली के बीच समझौता

■ गांवों और शहरों के वातावरण को पेश चुनौतियों का होगा हल

अमृतसर,10 दिसम्बर (ममता) : गुरू नानक देव यूनिवर्सिटी के सैंटर फार सस्टेनबल हैबीटैट द्वारा नई दिल्ली के सैंटर आफ विज्ञान एंडएनवायरमेंट के बीच एक विशेष समझौता किया गया है। जिस अधीन गांवों और शहरों के वातावरण को पेश चुनौतियों के हल के लिए खोज आधारित कार्य करने के लिए सांझ पैदा करना है।



*समझौते की प्रति के साथ उपकुलपति प्रो. जसपाल सिंह संधू, डायरैक्टर रजनीश सरीन एवं अन्य।* (अवधेश)

उपकुलपति प्रो. जसपाल सिंह संधू, डीन अकादमिक मामले, प्रो. सरबजोत सिंह बहल, रजिस्ट्रार प्रो. करनजीत सिंह काहलों, केंद्र डायरैक्टर डा. अश्विनी लूथरा, इंडस्ट्री लिंकेज के डायरैक्टर प्रो. प्रीत मोहेंद्र सिंह बेदी के अलावा नई दिल्ली के सैंटर आफ विज्ञान एंड एनवायरनमैंट के प्रोग्राम डायरैक्टर रजनीश सरीन और प्रोग्राम अधिकारी मीताशी सिंह इस मौके विशेष तौर पर उपस्थित थे।

प्रो. संधू ने कहा कि इस समझौते अधीन इस विषय के साथ संबंधित 6 खोज प्रोग्रामों के अलावा वर्कशाप, सैमीनार, कांफ्रैंस और विद्वानों द्वारा प्रशिक्षण प्रोग्राम करवाए जाएंगे। सैंटर आफ विज्ञान एंड एनवायरमेंट इस समझौते अधीन अलग-अलग कामों में यूनिवर्सिटी केंद्र का सहयोग करने के अलावा यूनिवर्सिटी कैंपस को और हर भरा बनाने के लिए भी प्रयास करेगा।शोध कार्यों के लिए यूनिवर्सिटी में अंतर अनुशासनी आधुनिक प्रयोगशालायों का निर्माण करने के अलावा विद्यार्थियों के प्रशिक्षण प्रोग्राम भी करवाए जाएंगें।

पंजाब केसरी ई-पेपर
Fri,11 December 2020
Edition: amritsar kesari, Page no. 4



# GND VARSITY INKS PACT WITH CSE

**Amritsar:** The Centre for Sustainable Habitat (CSH) of Guru Nanak Dev University signed a memorandum of understanding (MoU) with the Centre of Science and Environment (CSE), New Delhi, to share knowledge and conduct need-based collaborative research and capacity building to address various issues and challenges occurring in environment of cities and villages. Prof Jaspal Singh Sandhu, V-C, GNDU, said, "The CSE will act as a knowledge partner of the CSH to help mainstream sustainability concerns in the built environment to attain sustainable development goals. A state-of-the-art research lab will be established in the university to carry on the inter-disciplinary research work." TNS

Amritsar Ti

# ਜੀ. ਐੱਨ. ਡੀ. ਯੂ. ਅਤੇ ਸੈਂਟਰ ਆਫ ਸਾਇੰਸ ਐਂਡ ਇਨਵਾਇਰਨਮੈਂਟ ਨਵੀਂ ਦਿੱਲੀ ਵਿਚਕਾਰ ਸਮਝੌਤਾ

ਅੰਮ੍ਰਿਤਸਰ, 10 ਦਸੰਬਰ (ਸੰਜੀਵ)-ਗੁਰੂ ਨਾਨਕ ਦੇਵ ਯੂਨੀਵਰਸਿਟੀ ( ਜੀ. ਐੱਨ. ਡੀ. ਯੂ.) ਦੇ ਸੈਂਟਰ ਫਾਰ ਸਸਟੇਨਬਲ ਹੈਬੀਟੈਟ ਵੱਲੋਂ ਨਵੀਂ ਦਿੱਲੀ ਦੇ ਸੈਂਟਰ ਆਫ ਸਾਇੰਸ ਐਂਡ ਇਨਵਾਇਰਮੈਂਟ ਵਿਚਕਾਰ ਇਕ ਵਿਸ਼ੇਸ਼ ਸਮਝੌਤਾ ਕੀਤਾ ਗਿਆ ਹੈ, ਜਿਸ ਅਧੀਨ ਪਿੰਡਾਂ ਅਤੇ ਸ਼ਹਿਰਾਂ ਦੇ ਵਾਤਾਵਰਣ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਖੋਜਮੂਲਕ ਕਾਰਜ ਕਰਨ ਲਈ ਸਾਂਝ ਪੈਦਾ ਕਰਨਾ ਹੈ।



ਸਮਝੌਤਾ ਕਰਨ ਦੌਰਾਨ ਡਾ. ਜਸਪਾਲ ਸਿੰਘ ਸੰਧੂ ਅਤੇ ਰਜਨੀਸ਼ ਸਰੀਨ।

ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ, ਡੀਨ ਅਕਾਦਮਿਕ ਮਾਮਲੇ ਪ੍ਰੋ. ਸਰਬਜੋਤ ਸਿੰਘ ਬਹਿਲ, ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ, ਕੇਂਦਰ ਡਾਇਰੈਕਟਰ ਡਾ. ਅਸ਼ਵਨੀ ਲੁਥਰਾ, ਇੰਡਸਟਰੀ ਲਿੰਕੇਜ ਦੇ ਡਾਇਰੈਕਟਰ ਪ੍ਰੋ. ਪ੍ਰੀਤ ਮੋਹਿੰਦਰ ਸਿੰਘ ਬੇਦੀ ਤੋਂ ਇਲਾਵਾ ਨਵੀਂ ਦਿੱਲੀ ਦੇ ਸੈਂਟਰ ਆਫ ਸਾਇੰਸ ਐਂਡ ਇਨਵਾਇਰਮੈਂਟ ਦੇ ਪ੍ਰੋਗਰਾਮ ਡਾਇਰੈਕਟਰ ਰਜਨੀਸ਼ ਸਰੀਨ ਅਤੇ ਪ੍ਰੋਗਰਾਮ ਅਫਸਰ ਮੀਤਾਸ਼ੀ ਸਿੰਘ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਪ੍ਰੋ. ਸੰਧੂ ਨੇ ਕਿਹਾ ਕਿ ਇਸ ਸਮਝੌਤੇ ਅਧੀਨ ਇਸ ਵਿਸ਼ੇ ਨਾਲ ਸਬੰਧਤ ਛੇ ਖੋਜ ਪ੍ਰੋਗਰਾਮਾਂ ਤੋਂ ਇਲਾਵਾ ਵਰਕਸ਼ਾਪ, ਸੈਮੀਨਾਰ, ਕਾਨਫਰੰਸ ਅਤੇ ਵਿਦਵਾਨਾਂ ਵੱਲੋਂ ਸਿਖਲਾਈ ਪ੍ਰੋਗਰਾਮ ਕਰਵਾਏ ਜਾਣਗੇ। ਸੈਂਟਰ ਆਫ ਸਾਇੰਸ ਐਂਡ ਇਨਵਾਇਰਮੈਂਟ ਇਸ ਸਮਝੌਤੇ ਅਧੀਨ ਵੱਖ-ਵੱਖ ਕਾਰਜਾਂ ਵਿਚ ਯੂਨੀਵਰਸਿਟੀ ਦੇ ਕੇਂਦਰ ਦਾ ਸਹਿਯੋਗ ਕਰਨ ਤੋਂ ਇਲਾਵਾ ਯੂਨੀਵਰਸਿਟੀ ਕੈਂਪਸ ਨੂੰ ਹੋਰ ਹਰਿਆ-ਭਰਿਆ ਬਣਾਉਣ ਲਈ ਵੀ ਉਦਮ ਕਰੇਗਾ। ਖੋਜ ਕਾਰਜਾਂ ਲਈ ਯੂਨੀਵਰਸਿਟੀ ਵਿਖੇ ਅੰਤਰਅਨੁਸ਼ਾਸਨੀ ਆਧੁਨਿਕ ਪ੍ਰਯੋਗਸ਼ਾਲਾਵਾਂ ਦਾ ਨਿਰਮਾਣ ਕਰਨ ਤੋਂ ਇਲਾਵਾ ਵਿਦਿਆਰਥੀਆਂ ਦੇ ਸਿਖਲਾਈ ਪ੍ਰੋਗਰਾਮ ਵੀ ਕਰਵਾਏ ਜਾਣਗੇ।

ਪੰਜਾਬ ਐਂਡ ਸਿੰਧ ਬੈਂਕ
ਖੇਤਰੀ ਦਫਤਰ, ਹਾਲ ਬਾਜ਼ਾਰ, ਅੰਮ੍ਰਿਤਸਰ
ਆਰਕੀਟੈਕਟਸ ਦਾ ਇੰਪੈਨਲਮੈਂਟ
ਆਰਕੀਟੈਕਟ ਜੋ ਜ਼ਿਲਾ ਅੰਮ੍ਰਿਤਸਰ ਤੇ ਤਰਨਤਾਰਨ ਹੇਠ ਵੱਖ-ਵੱਖ ਬ੍ਰਾਂਚਾਂ ਵਿਚ ਕੰਮ ਕਰਨ ਦੇ ਇੱਛੁਕ ਹਨ, ਨੂੰ

ਜਗ ਬਾਣੀ ਈ-ਪੇਪਰ
Fri,11 December 2020
Edition: tarntaran bani, Page no. 2

# गुरु नानक देव विश्वविद्यालय व विज्ञान और पर्यावरण केंद्र नई दिल्ली के बीच हुआ समझौता

अमृतसर, 10 दिसम्बर (राजेश कुमार): गुरु नानक देव विश्वविद्यालय के सेंटर फॉर सस्टेनेबल हैबिटेट ने ग्रामीण और शहरी पर्यावरण के सामने आने वाली चुनौतियों का समाधान करने के लिए अनुसंधान कार्य का संचालन करने के लिए विज्ञान और पर्यावरण केंद्र, नई दिल्ली के बीच एक विशेष समझौता किया गया है जिसके अंतर्गत गांव और शहरों के वातावरण को आ रही चुनौतीयों के हॅल के लिए सौहार्द पैदा करना है। उपकुलपति प्रो. जसपाल सिंह संधू, डीन अकादमिक मामलों प्रो. सरबजोत सिंह बहल,



**समझौते के अवसर पर उपकुलपति प्रो. जसपाल सिंह संधू, प्रो. सरबजोत सिंह बहल, श्री रजनीश सरीन, मिताशी सिंह व अन्य।**

रजिस्ट्रार प्रो. डॉ. करनजीत सिंह काहलों, केंद्र निदेशक अश्वनी लूथरा, निदेशक, उद्योग लिंकेज प्रीत मोहिंदर सिंह बेदी के अलावा श्री रजनीश सरीन, कार्यक्रम निदेशक, विज्ञान और पर्यावरण केंद्र, नई दिल्ली और मिस मिताशी सिंह, कार्यक्रम अधिकारी विशेष रूप से उपस्थित थे। इस मौके पर प्रो. संधू ने कहा कि इस समझौते के तहत इस विषय से संबंधित छह शोध कार्यक्रमों के अलावा विद्वानों द्वारा कार्यशालाओं, सेमिनारों, सम्मेलनों और प्रशिक्षण कार्यक्रमों का संचालन किया जाएगा। विज्ञान और पर्यावरण केंद्र इस समझौते के तहत विभिन्न गतिविधियों में विश्वविद्यालय केंद्र के साथ सहयोग करेगा और विश्वविद्यालय परिसर को अधिक जीवंत बनाने के लिए भी प्रयास करेगा।

अजीत समाचार
उत्तर भारत का सम्पूर्ण अख़बार
11-Dec-2020
Page: 9
http://www.ajitsamachar.com/20201211/31/9/1_1.cms

# ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸੈਂਟਰ ਆਫ਼ ਸਾਇੰਸ ਇਨਵਾਇਰਨਮੈਂਟ ਨਵੀਂ ਦਿੱਲੀ ਵਿਚਕਾਰ ਹੋਇਆ ਸਮਝੌਤਾ



ਸ੍ਰੀ ਗੁਰੂ ਨਾਨਕ ਯੂਨੀਵਰਸਿਟੀ ਅਤੇ ਸੈਂਟਰ ਆਫ਼ ਸਾਇੰਸ ਇਨਵਾਇਰਨਮੈਂਟ ਨਵੀਂ ਦਿੱਲੀ ਆਪਸ ਵਿਚ ਸਮਝੌਤਾ ਕਰਦੇ ਹੋਏ।

ਅੰਮ੍ਰਿਤਸਰ, 10 ਦਸੰਬਰ (ਅਮਨਦੀਪ ਸਿੰਘ ਕੱਕੜ): ਪਿੰਡਾਂ ਅਤੇ ਸ਼ਹਿਰਾਂ ਦੇ ਵਾਤਾਵਰਣ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਖੋਜਮੂਲਕ ਸਾਂਝ ਪੈਦਾ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਸਸਟੇਨਬਲ ਹੈਬੀਟੇਟ ਵੱਲੋਂ ਨਵੀਂ ਦਿੱਲੀ ਦੇ ਸੈਂਟਰ ਆਫ਼ ਸਾਇੰਸ ਐਂਡ ਇਨਵਾਇਰਨਮੈਂਟ ਵਿਚਕਾਰ ਇਕ ਵਿਸ਼ੇਸ਼ ਸਮਝੌਤਾ ਕੀਤਾ ਗਿਆ ਹੈ।

ਵਾਈਸ ਚਾਂਸਲਰ ਪ੍ਰੋ: ਜਸਪਾਲ ਸਿੰਘ ਸੰਧੂ,ਡੀਨ ਅਕਾਦਮਿਕ ਮਾਮਲੇ ਪ੍ਰੋ: ਸਰਬਜੋਤ ਸਿੰਘ ਬਹਿਲ, ਰਜਿਸਟਰਾਰ ਪ੍ਰੋ: ਕਰਨਜੀਤ ਸਿੰਘ ਕਾਹਲੋਂ, ਕੇਂਦਰ ਡਾਇਰੈਕਟਰ ਅਸ਼ਵਨੀ ਲੂਥਰਾ, ਇੰਡਸਟਰੀ ਲਿੰਕੇਜ ਦੇ ਡਾਇਰੈਕਟਰ ਪ੍ਰੋ: ਪ੍ਰੀਤ ਮੋਹਿੰਦਰ ਸਿੰਘ ਬੇਦੀ ਤੋਂ ਇਲਾਵਾ ਨਵੀਂ ਦਿੱਲੀ ਦੇ ਸੈਂਟਰ ਆਫ਼ ਸਾਇੰਸ ਐਂਡ ਇਨਵਾਇਨਮੈਂਟ ਦੇ ਪ੍ਰੋਗਰਾਮ ਡਾਇਰੈਕਟਰ ਸ੍ਰੀ ਰਜਨੀਸ਼ ਸਰੀਨ,ਅਤੇ ਪ੍ਰੋਗ੍ਰਾਮ ਅਫ਼ਸ ਰਮਿਸ ਮਿਤਾਸ਼ੀ ਸਿੰਘ ਇਸ ਮੌਕੇ ਹਾਜ਼ਰ ਸਨ। ਪ੍ਰੋ: ਸੰਧੂ ਨੇ ਦੱਸਿਆ ਕਿ ਇਸ ਸਮਝੌਤੇ ਅਧੀਨ ਇਸ ਵਿਸ਼ੇ ਨਾਲ ਸਬੰਧਤ 6 ਖੋਜ ਪ੍ਰੋਗ੍ਰਾਮਾਂ ਤੋਂ ਇਲਾਵਾ ਵਰਕਸ਼ਾਪ ਸੈਮੀਨਾਰ, ਕਾਨਫਰੰਸ ਅਤੇ ਵਿਦਵਾਨਾਂ ਵੱਲੋਂ ਸਿਖਲਾਈ ਪ੍ਰੋਗਰਾਮ ਕਰਵਾਏ ਜਾਣਗੇ।

ਸੈਂਟਰ ਆਫ਼ ਸਾਇੰਸ ਐਂਡ ਇਨਵਾਇਰਨਮੈਂਟ ਇਸ ਸਮਝੌਤੇ ਅਧੀਨ ਵੱਖ-ਵੱਖ ਕਾਰਜਾਂ ਵਿੱਚ ਯੂਨੀਵਰਸਿਟੀ ਦੇ ਕੇਂਦਰ ਦਾ ਸਹਿਯੋਗ ਕਰਨ ਤੋਂ ਇਲਾਵਾ ਯੂਨੀਵਰਸਿਟੀ ਕੈਂਪਸ ਨੂੰ ਹੋਰ ਹਰਾ ਭਰਾ ਬਣਾਉਣ ਲਈ ਉੱਦਮ ਕਰੇਗਾ। ਯੂਨੀਵਰਸਿਟੀ ਵਿਖੇ ਅੰਤਰ ਅਨੁਸ਼ਾਸਨੀ ਆਧੁਨਿਕ ਪ੍ਰਯੋਗਸ਼ਾਲਾਵਾਂ ਦਾ ਨਿਰਮਾਣ ਕਰਨ ਤੋਂ ਇਲਾਵਾ ਵਿਦਿਆਰਥੀਆਂ ਦੇ ਸਿਖਲਾਈ ਪ੍ਰੋਗਰਾਮ ਵੀ ਕਰਵਾਏ ਜਾਣਗੇ।

ਰੋਜ਼ਾਨਾ ਸਪੋਕਸਮੈਨ
RozanaSpokesman.com
epaper by Daksham.COM